ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-5-ਸਾਖਾ)

ਸੇਵਾ ਵਿਖੇ

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ।

ਮੀਮੋ ਨੰ: 10/1/2014-4ਸਿ.5/337132/1
ਮਿਤੀ ਚੰਡੀਗੜ੍ਹ 3/11/2014

ਵਿਸਾ:- ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਤਹਿਤ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਤੋਂ ਪ੍ਰੀਖਿਆ ਫੀਸ ਨਾ ਲੈਣ ਬਾਰੇ।

***

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2 ਵਿਸਾ ਅੰਕਿਤ ਕੇਸ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੈਟ੍ਰਿਕ ਪ੍ਰੀਖਿਆ ਵੇਲੇ ਐਸ.ਸੀ. ਵਿਦਿਆਰਥੀਆਂ ਤੋਂ ਕੋਈ ਫੀਸ ਨਹੀ ਲਈ ਜਾਂਦੀ ਉਸੇ ਤਰ੍ਹਾਂ +2 ਵਿੱਚ ਪੜ੍ਹਦੇ ਐਸ.ਸੀ. ਵਿਦਿਆਰਥੀਆਂ ਤੋਂ ਸਕੀਮ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਹੱਦ 2.50 ਲੱਖ ਤੋਂ ਘੱਟ ਹੈ, ਉਨ੍ਹਾਂ ਵੱਲੋਂ ਪ੍ਰੀਖਿਆ ਫੀਸ ਨਾ ਲਈ ਜਾਵੇ । ਇਸ ਪ੍ਰਤੀ ਮਾਨਯੋਗ ਹਾਈਕੋਰਟ ਪਾਸੋਂ ਸਿਵਲ ਰਿਟ ਪਟੀਸਨ ਨੰ: 21602 ਆਫ 2012 ਵਿੱਚ ਦਿੱਤੇ ਹੁਕਮਾਂ ਅਨੁਸਾਰ ਅਤੇ ਭਲਾਈ ਵਿਭਾਗ ਦੇ ਪੱਤਰ ਨੰ: 31984-91 ਮਿਤੀ 27/7/2014 ਅਧੀਨ ਇਸ ਸਕੀਮ ਅਧੀਨ ਵਿਦਿਆਰਥੀਆਂ ਵੱਲੋ ਪ੍ਰੀਖਿਆ ਫੀਸ ਚਾਰਜ ਕਰਨਾ ਵਾਜਿਬ ਨਹੀ ਹੈ ।

3 ਇਨ੍ਹਾਂ ਯੋਗ ਵਿਦਿਆਰਥੀਆਂ ਦੀ ਪ੍ਰੀਖਿਆ ਫੀਸਾਂ ਕੁੱਲ ਡਿਮਾਂਡ ਆਪ ਵੱਲੋਂ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ), ਪੰਜਾਬ ਨੂੰ ਭੇਜੀ ਜਾਵੇਗੀ ਅਤੇ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ), ਪੰਜਾਬ ਵੱਲੋਂ ਭਲਾਈ ਵਿਭਾਗ, ਪੰਜਾਬ ਨੂੰ ਭੇਜੀ ਜਾਵੇਗੀ। ਇਸ ਤੋਂ ਬਾਅਦ ਭਾਰਤ ਸਰਕਾਰ ਤੋਂ ਸੈਕੰਸਨ ਆਉਣ ਉਪਰੰਤ ਹੀ ਭਲਾਈ ਵਿਭਾਗ ਵੱਲੋਂ ਰਕਮ ਦੀ ਪ੍ਰਾਪਤੀ ਤੋਂ ਬਾਅਦ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ), ਪੰਜਾਬ ਵੱਲੋ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ।

4 ਇਨ੍ਹਾਂ ਹੁਕਮਾਂ ਦੀ ਇੰਨ-ਇੰਨ ਪਾਲਣਾ ਕਰਦੇ ਹੋਏ ਲੋੜੀਦੀ ਕਾਰਵਾਈ ਕੀਤੀ ਜਾਵੇ ।

ਸੁਪਰਡੰਟ।

ਪਿ:ਅੰ:ਪ: ਨੰ: 10/1/2014-4ਸਿ.5/337132/2-4 ਮਿਤੀ ਚੰਡੀਗੜ੍ਹ 3/11/2014

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਪ੍ਰਮੁੱਖ ਸਕੱਤਰ , ਭਲਾਈ ਵਿਭਾਗ , ਪੰਜਾਬ, ਚੰਡੀਗੜ੍ਹ।
2 ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ), ਪੰਜਾਬ , ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ।
3 ਡਾਇਰੈਕਟਰ, ਐਸ.ਸੀ./ਬੀ.ਸੀ. ਭਲਾਈ ਵਿਭਾਗ , ਸੈਕਟਰ,34-ਏ, ਚੰਡੀਗੜ੍ਹ।

ਸੁਪਰਡੰਟ। 3/11